**ਮਾਡਲ ਪ੍ਰਸ਼ਨ-ਪੱਤਰ**
**ਜਮਾਤ : ਬਾਰ੍ਹਵੀਂ**
**ਵਿਸ਼ਾ : ਪੰਜਾਬੀ**
**Set – D**

**ਕੋਡ : 532** | **ਸੈਸ਼ਨ : 2023-24**
**ਸਮਾਂ : ਤਿੰਨ ਘੰਟੇ** | **ਕੁੱਲ ਅੰਕ : 80**
**ਪੇਪਰ : ਸਾਲਾਨਾ**

ਨੋਟ: ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

## ਭਾਗ (ੳ)

1. **ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਸਿਰਲੇਖ ਸਹਿਤ ਸੰਖੇਪ ਕਰਕੇ ਦੁਬਾਰਾ ਲਿਖੋ:** 5

ਲੰਡਨ ਬੜਾ ਭਾਰੀ ਸਹਿਰ ਹੈ, ਪਰ ਏਥੇ ਜੇ ਤੁਹਾਡਾ ਕੋਈ ਦੋਸਤ ਨਾ ਹੋਵੇ, ਤਾਂ ਤੁਸੀ ਬਹੁਤ ਇੱਕਲ ਤੇ ਉਦਾਸੀ ਮਹਿਸੂਸ ਕਰ ਸਕਦੇ ਹੋ। ਅੰਗਰੇਜ ਲੋਕ ਤਬੀਅਤ ਦੇ ਠੰਡੇ ਹਨ ਤੇ ਮਿਲਣਸਾਰ ਨਹੀਂ। ਗੁਆਂਢੀ, ਗੁਆਂਢੀ ਨੂੰ ਨਹੀਂ ਜਾਣਦਾ ਤੇ ਬਗੈਰ ਸੱਦੇ ਕੋਈ ਕਿਸੇ ਦੇ ਘਰ ਨਹੀਂ ਜਾਂਦਾ। ਬੱਸਾ, ਗੱਡੀਆਂ ਵਿੱਚ ਦੇਖੋਂ ਇਕ ਅੰਗਰੇਜ਼ ਦੂਸਰੇ ਨਾਲ ਗੱਲ ਨਹੀ ਕਰਦਾ ਤੇ ਹਰ ਇਕ ਦੇ ਮੂੰਹ ਅੱਗੇ ਅਖਬਾਰ ਹੁੰਦਾ ਹੈ। ਸਾਡੀ ਪੰਜਾਬੀਆਂ ਦੀ ਇਕ ਦੂਸਰੇ ਨਾਲ ਗੱਲ ਕਰਨ ਦੀ ਆਦਤ ਹੈ ਤੇ ਸਾਨੂੰ ਇਕ ਦੋ ਦਿਨ ਗੱਪਾਂ ਮਾਰਨ ਦਾ ਮੌਕਾ ਨਾ ਮਿਲੇ, ਤਾਂ ਅਸੀਂ ਉਦਾਸ ਹੋ ਜਾਂਦੇ ਹਾਂ। ਦੂਸਰੇ ਇੱਥੋਂ ਦੀ ਆਬੋ ਹਵਾ ਵੀ ਖਰਾਬ ਹੈ। ਜਿਵੇਂ ਸਾਡੇ ਦੇਸ਼ ਵਿਚ ਹਨੇਰੀਆਂ ਆਉਂਦੀਆਂ ਹਨ, ਏਥੇ ਉਵੇਂ ਹੀ ਸਿਆਲ ਵਿਚ ਠੰਢ ਹੁੰਦੀ ਹੈ। ਲਾਲ ਹਨੇਰੀ ਵਾਂਗ ਸਭ ਜਗ੍ਹਾਂ ਫੈਲ ਜਾਂਦੀ ਤੇ ਕੁਝ ਦਿਖਾਈ ਨਹੀਂ ਦਿੰਦਾ। ਮੋਟਰਾ ਜੂੰ ਦੀ ਚਾਲ ਚਲਦੀਆਂ ਹਨ । ਸਿਆਲ ਵਿਚ ਕਦੇ-ਕਦੇ ਬਰਫ਼ ਪੈਂਦੀ ਹੈ। ਹੌਲੀ-ਹੌਲੀ ਰੂੰ ਵਾਂਗ ਬਰਫ ਪੈਂਦੀ ਹੈ ਤੇ ਸੜਕਾਂ, ਮਕਾਨਾਂ ਦੀਆਂ ਛੱਤਾਂ ਤੇ ਦਰੱਖਤ ਬਰਫ਼ ਨਾਲ ਲੱਦੇ ਜਾਂਦੇ ਹਨ। ਚਾਰੇ ਪਾਸੇ ਸਫੈਦ ਹੀ ਸਫੈਦ ਰੰਗ ਦਿਖਾਈ ਦਿੰਦਾ ਹੈ।

2. ਕਿਸੇ ਇਕ ਸਿੱਟੇ ਨੂੰ ਪ੍ਰਗਟ ਕਰਦੀ ਕਹਾਣੀ ਲਿਖੋ : 5

(ੳ) ਮਿੱਤਰ, ਉਹ ਜੋ ਮੁਸੀਬਤ ਵਿਚ ਕੰਮ ਆਵੇ

(ਅ) ਕਹਿਣਾ ਸੌਖਾ ਹੈ ਪਰ ਕਰਨਾ ਔਖਾ

(ੲ) ਦਾਖੇ ਹੱਥ ਨਾ ਅੱਪੜੇ, ਆਖੇ ਕੂ ਕੌੜੀ

Download from www.MsEducationTv.com

**3. ਹੇਠ ਲਿਖੇ ਸਾਹਿਤਕਾਰਾਂ ਵਿਚੋ ਕਿਸੇ ਇਕ ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖੇਪ ਰੂਪ ਵਿਚ ਲਿਖੋ । 5**

(ੳ) ਬੁੱਲ੍ਹੇ ਸ਼ਾਹ

(ਅ) ਪ੍ਰੋ. ਪੂਰਨ ਸਿੰਘ

(ੲ) ਈਸ਼ਵਰ ਚੰਦਰ ਨੰਦਾ

**4. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ :**

1x5 = 5

(i) ਗੁਰੂ ਨਾਨਕ ਦੇਵ ਜੀ ਨੇ ਕਿੰਨ੍ਹੇ ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ–

(ੳ) 19 ਰਾਗਾਂ ਵਿਚ (ਅ) 18 ਰਾਗਾਂ ਵਿਚ

(ੲ) 31 ਰਾਗਾਂ ਵਿਚ (ਸ) ਤੀਹ ਰਾਗਾਂ ਵਿਚ

(ii) ਸੇਖ ਫਰੀਦ ਜੀ ਦੇ ਕਿੰਨੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ?

(ੳ) ਦੋ (ਅ) ਤਿੰਨ (ੲ) ਚਾਰ (ਸ) ਪੰਜ

(iii) ਬੁੱਲ੍ਹੇ ਸ਼ਾਹ ਨੇ ਕਿਨ੍ਹੀਆਂ ਕਾਫੀਆਂ ਲਿਖੀਆਂ ।

(ੳ) 100 (ਅ) 117 (ੲ) 156 (ਸ) 160

(iv) ਪੰਜਾਬੀ ਦਾ ਸਭ ਤੋਂ ਵੱਡਾ ਕਿੱਸਾਕਾਰ ਕੌਣ ਸੀ?

(ੳ) ਦਮੋਦਰ (ਅ) ਪੀਲੂ

(ੲ) ਮੁਕਬਲ (ਸ) ਵਾਰਿਸ਼ ਸ਼ਾਹ

(v) ਜੰਗਨਾਮਾ ਸਿੰਘਾਂ ਤੇ ਫਰੰਗੀਆਂ ਵਿਚ ਕਿਨ੍ਹਾਂ ਦੀਆਂ ਲੜਾਈਆਂ ਦਾ ਜ਼ਿਕਰ ਹੈ?

(ੳ) ਸਿੱਖਾਂ ਤੇ ਅੰਗਰੇਜਾਂ ਦੀਆਂ

(ਅ) ਸਿੱਖਾਂ ਤੇ ਮੁਗਲਾਂ ਦੀਆਂ

(ੲ) ਸਿੱਖਾਂ ਤੇ ਨਵਾਬਾਂ ਦੀਆਂ

(ਸ) ਸਿੱਖਾਂ ਦੀ ਸਿੱਖਾਂ ਨਾਲ

**5. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ :**

1x5= 5

(i) ਭਾਈ ਵੀਰ ਸਿੰਘ ਦਾ ਪਹਿਲਾ ਨਾਵਲ 'ਸੁੰਦਰੀ' ਕਦੋਂ ਛਪਿਆ?

(ੳ) 1997 ਈ. (ਅ) 1998 ਈ.

(ੲ) 1897 ਈ. (ਸ) 1898 ਈ.

Download from www.MsEducationTv.com

(ii) ਪ੍ਰੋ. ਪੂਰਨ ਸਿੰਘ ਕਿਸ ਦੀ ਪ੍ਰੇਰਣਾ ਨਾਲ ਪੰਜਾਬੀ ਵਿਚ ਲਿਖਣ ਲੱਗੇ?

(ੳ) ਭਾਈ ਵੀਰ ਸਿੰਘ (ਅ) ਧਨੀ ਰਾਮ ਚਾਤ੍ਰਿਕ

(ੲ) ਰਾਵਿੰਦਰ ਨਾਥ ਟੈਗੋਰ (ਸ) ਸੁਆਮੀ ਰਾਮ ਤੀਰਥ

(iii) ਪ੍ਰੋ. ਮੋਹਨ ਸਿੰਘ ਮੂਲ ਰੂਪ ਵਿਚ ਕਾਹਦਾ ਕਵੀ ਹੈ?

(ੳ) ਅਧਿਆਤਮਵਾਦ ਦਾ (ਅ) ਯਥਾਰਥ ਦਾ

(ੲ) ਪਿਆਰ ਦਾ/ਇਸ਼ਕ ਦਾ (ਸ) ਦੇਸ਼ ਪਿਆਰ ਦਾ

(iv) ਸ਼ਿਵ ਕੁਮਾਰ ਨੇ ਕਿਹੜੇ ਖੇਤਰ ਵਿਚ ਪ੍ਰਸਿੱਧੀ ਹਾਸਲ ਕੀਤੀ?

(ੳ) ਕਵਿਤਾ (ਅ) ਇਕਾਂਗੀ

(ੲ) ਨਿਬੰਧ (ਸ) ਜੀਵਨੀ

(v) ਗੁਰਬਖਸ਼ ਸਿੰਘ ਨੇ ਪਿਆਰ ਸੰਬੰਧੀ ਕਿਹੜਾ ਸਿਧਾਂਤ ਪੇਸ਼ ਕੀਤਾ?

(ੳ) ਪਿਆਰ ਕਬਜਾ ਹੈ

(ਅ) ਪਿਆਰ ਕਬਜਾ ਨਹੀਂ ਪਹਿਚਾਣ ਹੈ

(ੲ) ਪਿਆਰ ਸੁੱਚਾ ਹੁੰਦਾ ਹੈ

(ਸ) ਪਿਆਰ ਇਕ ਪਾਸੜ ਹੁੰਦਾ ਹੈ

**6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ ਜਾਂ ਇਕ ਵਾਕ ਵਿਚ ਲਿਖੋ:**

(i) ਪ੍ਰਿ. ਤੇਜਾ ਸਿੰਘ ਦਾ ਜਨਮ ਕਦੋਂ ਹੋਇਆ?

(ii) ਈਸ਼ਵਰ ਚੰਦਰ ਨੰਦਾ (ਆਈ.ਸੀ. ਨੰਦਾ) ਨੇ 'ਦੁਲਹਨ' ਇਕਾਂਗੀ ਕਦੋਂ ਲਿਖਿਆ?

(iii) 'ਨਿੰਮ ਦੇ ਪੱਤੇ' ਰਚਨਾ ਕਿਸ ਦੀ ਲਿਖੀ ਹੋਈ ਹੈ?

(iv) ਡਾ. ਹਰਚਰਨ ਸਿੰਘ ਦਾ ਜਨਮ ਕਦੋਂ ਹੋਇਆ?

(v) ਕਰਤਾਰ ਸਿੰਘ ਦੁੱਗਲ ਨੇ ਕਿਸ ਖੇਤਰ ਵਿਚ ਪ੍ਰਸਿੱਧੀ ਪ੍ਰਾਪਤ ਕੀਤੀ?

## ਭਾਗ – ਅ

**7. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ ਵਿਚ ਦਿਓ :** 1x3 = 3

(i) 'ਗੁਲਜ਼ਾਰ' ਸ਼ਬਦ ਦਾ ਕੀ ਅਰਥ ਹੈ?

(ii) 'ਤਾਜਮਹੱਲ' ਕਵਿਤਾ ਦਾ ਪਹਿਲਾ ਹਿੱਸਾ ਕਿਹੋ ਜਿਹਾ ਹੈ?

(iii) 'ਮੈਂ ਅੱਜ ਦਰਦ ਵਿਹੂਣਾ ਹੋਇਆ, ਦੁਨੀਆਂ ਕਿਉਂ ਦੁੱਖ ਪਾਏ' ਕਾਵਿ-ਸਤਰ ਕਿਸ ਕਵਿਤਾ ਵਿਚੋਂ ਹੈ?

**8. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ:** 1x3 = 3

(i) 'ਸ਼ੋਭਾ-ਸ਼ਕਤੀ' ਨਾਟਕ ਵਿਚ ਇਸਤਰੀ ਦੀ ਕਿਹੜੀ ਇੱਛਾ ਰੂਪਮਾਨ ਹੁੰਦੀ ਹੈ?

Download from www.MsEducationTv.com

(ੳ) ਸੁਤੰਤਰ ਜਿਉਣ ਦੀ (ਅ) ਅਧੀਨਗੀ ਦੀ
(ੲ) ਬਗਾਵਤ ਦੀ (ਸ) ਮਿਲ ਕੇ ਨਾ ਰਹਿਣ ਦੀ

(ii) ਪਹਿਲਾ ਨਾਟ ਕਿਸ ਸੰਨ ਵਿਚ ਵਾਪਰਦਾ ਹੈ?
(ੳ) 1947 (ਅ) 1948 (ੲ) 1949 (ਸ) 1950

(iii) 'ਸ਼ੋਭਾ-ਸ਼ਕਤੀ' ਨਾਟਕ ਦੀ ਨਾਇਕਾ ਕੌਣ ਹੈ?
(ੳ) ਲੀਲਾ (ਅ) ਸ਼ਾਂਤੀ
(ੲ) ਸ਼ੋਭਾ (ਸ) ਰੇਖਾ

**9. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਵਾਕ ਜਾਂ ਇਕ ਸ਼ਬਦ ਵਿਚ ਲਿਖੋ:** 1x3 = 3

(i) ਗੁਰੂ ਨਾਨਕ ਨਾਲ ਕੌਣ ਖੁਣਸ ਖਾਣ ਲੱਗੇ?
(ii) ਠਾਣੇਦਾਰ ਨੇ ਕੁੱਤੇ ਦੇ ਵੱਢੇ ਆਦਮੀ ਨਾਲ ਕਿਹੋ ਜਿਹਾ ਸਲੂਕ ਕੀਤਾ?
(iii) ਲੇਖਕ ਕਿਸ ਦੇ ਰਾਜ ਦਰਬਾਰ ਦਾ ਪਾਣੀ ਭਰਨਾ ਚਾਹੁੰਦਾ ਹੈ? (ਸ਼ੀਸ਼ੇ ਸਾਹਮਣੇ ਪਾਠ ਦੇ ਆਧਾਰ ਤੇ)

**10. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦੇ ਉੱਤਰ ਸੰਖੇਪ ਵਿਚ ਲਿਖੋ:** 2x2 = 4

(i) ਪਸ਼ੂ ਖੁਸ਼ੀ ਵਿਚ ਕੀ ਕਰਦੇ ਹਨ? (ਪਸ਼ੂ ਚਰਦੇ ਪਾਠ ਦੇ ਆਧਾਰ 'ਤੇ)
(ii) ਅਹੱਲਿਆ ਕੌਣ ਸੀ?
(iii) 'ਨਸਲ ਮਨੁੱਖੀ ਕੀੜੇ ਮਕੌੜੇ ਹੋ ਜਾਵੇਗੀ' ਦੀ ਵਿਆਖਿਆ ਕਰੋ। (ਪਦਮਾ ਕਵਿਤਾ ਦੇ ਆਧਾਰ 'ਤੇ)

**11. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਲਿਖੋ :** 2x2 = 4

(i) ਸ਼ੋਭਾ ਕਿਸ ਨਾਲ ਪਿਆਰ-ਵਿਆਹ ਕਰਨ ਦਾ ਫੈਸਲਾ ਕਰਦੀ ਹੈ?

ਜਾਂ

ਨਾਟ ਤੀਜੇ ਦਾ ਆਰੰਭ ਸਮੇਂ ਸੋਭਾ ਕਿਹੋ ਜਿਹੀ ਦਿਖਾਈ ਦਿੰਦੀ ਹੈ?

(ii) ਸ਼ਾਂਤੀ ਦੁਆਰਾ ਆਪਣਾ ਹੱਥ ਰਮੇਸ਼ ਦੇ ਹੱਥ ਵਿਚ ਫੜਾਏ ਜਾਣ ਮਗਰੋਂ ਗੁਲਾਬ ਦਾ ਫੁੱਲ ਤੋੜ ਕੇ ਸੋਭਾ ਕੀ ਕਹਿੰਦੀ ਹੈ?

ਜਾਂ

ਸਤੀਸ਼ ਅਨੁਸਾਰ ਸੋਭਾ ਦੇ ਵਿਚਾਰਾਂ ਨੂੰ ਕਿਸ ਤਰ੍ਹਾਂ ਨਾਲ ਬਦਲਿਆ ਜਾ ਸਕਦਾ ਸੀ?

Download from www.MsEducationTv.com

12. **ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਸੰਖੇਪ ਵਿੱਚ ਲਿਖੋ:** 2x2 = 4

(i) ਜਦੋਂ ਠਾਣੇਦਾਰ ਨੂੰ ਪੱਤਾ ਲੱਗਾ ਕਿ ਕੁੱਤਾ ਕਪਤਾਨ ਸਾਹਿਬ ਦਾ ਹੈ, ਤਾਂ ਉਸ ਨੇ ਕੀ ਰਵੱਈਆ ਧਾਰਨ ਕੀਤ?

(ii) ਜੀਵਨ ਦਾ ਫੁੱਲ ਕਿਸ ਤਰ੍ਹਾਂ ਖਿੜਦਾ ਹੈ? ('ਪਿਆਰ' ਲੇਖ ਦੇ ਆਧਾਰ 'ਤੇ)

(iii) ਜਦੋਂ ਕੋਈ ਜਹਾਜ਼ ਨੇੜਿਓ ਲੰਘਦਾ ਤਾਂ ਲੇਖਕ ਕੀ ਕਰਦਾ ਸੀ? ('ਸਭਿਅਤਾ ਦੇ ਦੋ ਪੱਧਰ' ਪਾਠ ਦੇ ਆਧਾਰ 'ਤੇ)

13. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਲਿਖੋ :** **3**

ਪ੍ਰੋ: ਪੂਰਨ ਸਿੰਘ ਅਨੁਸਾਰ ਪਸ਼ੂਆਂ ਦਾ ਜੀਵਨ ਕਿਹੋ ਜਿਹਾ ਹੈ?

ਜਾਂ

'ਖਲੋਤਾ ਦਿਸਿਆ ਕ੍ਰਿਸ਼ਨ ਕਦੰਬ ਹੇਠ।'
ਉਪਰੋਕਤ ਪੰਕਤੀ ਦੇ 'ਦਿਸਿਆ' ਸ਼ਬਦ ਤੋਂ ਕੀ ਸੰਕੇਤ ਮਿਲਦਾ ਹੈ? ਕ੍ਰਿਸ਼ਨ ਵਾਸਤਵਿਕ ਹਕੀਕਤ ਹੈ, ਜਾਂ ਕਾਲਪਨਿਕ?

14. **ਹੇਠ ਲਿਖੇ ਪ੍ਰਸ਼ਨ ਦਾ ਉੱਤਰ 20-25 ਸ਼ਬਦਾਂ ਵਿਚ ਲਿਖੋ ।** **3**

'ਸੋਭਾ-ਸ਼ਕਤੀ' ਨਾਟਕ ਦੇ ਸਿਰਲੇਖ ਬਾਰੇ ਆਪਣੇ ਵਿਚਾਰ ਪੇਸ਼ ਕਰੋ। ਕੀ ਇਹ ਢੁੱਕਵਾਂ ਹੈ ਜਾਂ ਨਹੀਂ?

ਜਾਂ

ਰਮੇਸ਼ ਸ਼ੋਭਾ ਨੂੰ ਕਿਸ ਤਰ੍ਹਾਂ ਰੱਖਣਾ ਚਾਹੁੰਦਾ ਸੀ?

15. **ਕਿਸੇ ਇਕ ਪ੍ਰਸ਼ਨ ਦਾ ਉੱਤਰ 20-25 ਸ਼ਬਦਾਂ ਵਿਚ ਲਿਖੋ :** **3**

(i) ਗੁਰੂ ਜੀ ਦੇ ਸੁਲਤਾਨਪੁਰ ਤੋਂ ਐਮਨਾਵਾਦ ਦੇ ਸਫਰ ਦਾ ਹਾਲ ਲਿਖੋ।

(ii) ਭਾਰਤੀ ਭਾਰਤ ਮਾਤਾ ਦੀ ਨੁਹਾਰ ਕਿਉਂ ਨਹੀਂ ਪਛਾਣ ਸਕੇ? (ਸਾਡੇ ਲੋਕਗੀਤ ਪਾਠ ਦੇ ਆਧਾਰ 'ਤੇ)

16. **ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :** **5**

ਮਾਏ ਨੀ ਮਾਏ,
ਮੇਰੇ ਗੀਤਾਂ ਦੇ ਨੈਣਾ ਵਿਚ
ਬਿਰਹੋਂ ਦੀ ਰੜਕ ਪਵੇ।
ਅੱਧੀ ਅੱਧੀ ਰਾਤੀਂ
ਉੱਠ ਰੋਣ ਮੋਏ ਮਿੱਤਰਾਂ ਨੂੰ
ਮਾਏ ਸਾਨੂੰ ਨੀਂਦ ਨਾ ਪਵੇ।

Download from www.MsEducationTv.com

ਭੇਂ ਭੇਂ ਸੁਗੰਧੀਆ 'ਚ
ਬੰਨ੍ਹਾ ਫੇਹੇ ਚਾਨਣੀ ਦੇ
ਤਾਂ ਵੀ ਸਾਡੀ ਪੀੜ ਨਾ ਸਵੇਂ

ਜਾਂ

ਡਰ ਜਾਏਗੀ ਮੇਰੀ ਮਾਂ
ਮੇਰਾ ਪੁੱਤਰ ਮੇਰੇ ਤੋਂ ਵੱਡੀ ਉਮਰ ਦਾ
ਕਿਹੜੇ ਸਾਧੂ ਦੇ ਸਰਾਪ
ਕਿਸ ਸ਼ਕੀਰਣ ਚੰਦਰੀ ਦੇ ਟੂਣੇ ਟਾਮਣ ਨਾਲ ਹੋਇਆ
ਡਰ ਜਾਏਗੀ ਮੇਰੀ ਮਾਂ
ਹੁਣ ਘਰਾਂ ਨੂੰ ਪਰਤਣਾ ਚੰਗਾ ਨਹੀਂ ਹੈ।

17. **ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇਕ ਦਾ ਸਾਰ ਲਿਖੋ :** 5

(ੳ) ਚਸ਼ਮਾ-ਇੱਛਾਬਲ ਤੇ ਡੂੰਘੀਆਂ ਸ਼ਾਮਾਂ

(ਅ) ਅੰਨ-ਦਾਤਾ

(ੲ) ਜਲ-ਕਣ

18. **ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਇੱਕ ਪ੍ਰਸ਼ਨ ਦਾ ਉੱਤਰ 40-50 ਸ਼ਬਦਾਂ ਵਿੱਚ ਲਿਖੋ :** 5

(ੳ) 'ਸ਼ੋਭਾ-ਸ਼ਕਤੀ' ਨਾਟਕ ਦੀ ਕਹਾਣੀ ਨੂੰ ਸੰਖੇਪ ਕਰ ਕੇ ਲਿਖੋ।

(ਅ) 'ਸ਼ੋਭਾ-ਸ਼ਕਤੀ' ਨਾਟਕ ਦੀ ਪਾਤਰ ਰੇਖਾ ਦਾ ਚਰਿੱਤਰ ਚਿਤਰਣ ਕਰੋ।

19. **ਹੇਠ ਲਿਖੇ ਲੇਖਾਂ ਵਿੱਚੋਂ ਕਿਸੇ ਇਕ ਲੇਖ ਦਾ ਸਾਰ 40-50 ਸ਼ਬਦਾਂ ਵਿੱਚ ਲਿਖੋ :** 5

(ੳ) ਬਾਬੇ ਵਰਿਆਮੇ ਦੀ ਦਿੱਬ ਦ੍ਰਿਸ਼ਟੀ

(ਅ) ਸੁਇਟਜ਼ਰਲੈਂਡ ਦੀ ਯਾਤਰਾ

(ੲ) ਸ਼ੀਸ਼ੇ-ਸਾਹਮਣੇ

✡ ✡ ✡ ✡ ✡ ✡

Download from www.MsEducationTv.com